# ਬੱਚਿਆਂ ਲਈ ਬਾਈਬਲ

## ਉਪੱਸਥਿਤ

# ਯਿਸੂ ਇੱਕ ਮਹਾਨ ਅਧਿਆਪਕ




ਦੁਆਰਾ ਲਿਖਿਆ ਗਿਆ : Edward Hughes
ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Byron Unger; Lazarus
ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque
ਦੁਆਰਾ ਬਦਲਿਆ ਗਿਆ : E. Frischbutter; Sarah S.


ਕਹਾਣੀ 42 ਤ਼ 60


**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi



ਯਿਸੂ ਇੱਕ ਮਹਾਨ ਅਧਿਆਪਕ ਸੀ – ਹਮੇਸ਼ਾਂ ਲਈ ਵਧੀਆ। ਭੀੜ ਨੇ ਉਸਨੂੰ ਸੁਣਿਆ। ਯਿਸੂ ਨੇ ਉਹਨਾਂ ਨੂੰ ਦਿਆਲੂ, ਚੰਗੇ ਅਤੇ ਕਿਰਪਾਲੂ ਹੋਣ ਲਈ ਆਖਿਆ।

1



ਸ਼ਾਇਦ ਬਾਕੀ ਉਹਨਾਂ ਤੋਂ ਨਫ਼ਰਤ ਕਰਨ ਅਤੇ ਦੁੱਖ ਪਹੁੰਚਾਉਣ, ਪਰ ਪਰਮੇਸ਼ਵਰ ਉਹਨਾਂ ਦਾ ਧਿਆਨ ਰੱਖੇਗਾ।

2


ਯਿਸੂ ਨੇ ਉਹਨਾਂ
ਨੂੰ ਬਹੁਤ ਕੁਝ
ਸਿਖਾਇਆ। ਜਿਸ
ਤੁਰਾਂ ਮੋਮਬੱਤੀ ਘਰ
ਵਿੱਚ ਚਾਨਣ ਦੇਂਦੀ ਹੈ
ਉਸੇ ਤੁਰਾਂ ਪਰਮੇਸ਼ਵਰ
ਦੇ ਲੋਕ ਦੁਨੀਆਂ ਵਿੱਚ
ਚਾਨਣ ਦਿੰਦੇ ਹਨ।
ਇੱਕ ਹਨੇਰੇ ਕਮਰੇ
ਵਿੱਚ ਮੋਮਬੱਤੀ
ਕੀ ਪਰਿਵਰਤਨ
ਲਿਆਂਉਦੀ ਹੈ!
3
ਬਦਲੇ ਵਿੱਚ ਵਿਸ਼ਵਾਸ਼ ਰੱਖਣ ਵਾਲੇ ਲੋਕਾਂ ਨਾਲ ਯਿਸੂ
ਨੇ ਗੱਲ ਕੀਤੀ, "ਅੱਖ ਦੇ ਬਦਲੇ ਅੱਖ, ਦੰਦ ਦੇ
ਬਦਲੇ ਦੰਦ।" ਪਰ ਯਿਸੂ
ਨੇ ਆਪਣੇ ਦੁਸ਼ਮਣਾ
ਲਈ ਵੀ ਮਾਫੀ,
ਦਿਆਲਗੀ
ਅਤੇ ਪਿਆਰ
ਸਿਖਾਇਆ।
4
ਯਿਸੂ ਦੇ ਦਿਨਾਂ ਵਿੱਚ, ਕੁਝ ਲੋਕ ਆਪਣੇ
ਆਪ ਨੂੰ ਬਹੁਤ ਪਵਿੱਤਰ ਵਿਖਾਉਂਦੇ ਸਨ।
ਜਦ ਉਹ ਭਿਖਾਰੀਆਂ ਨੂੰ ਰੁਪਏ ਦਿੰਦੇ,
ਉਹਨਾਂ ਕੋਲ ਮਨੁੱਖ ਸਨ ਜਿਹੜੇ ਤੁਰਹੀ
ਵਜਾਉਂਦੇ ਜੋ ਸਾਰੇ ਲੋਕ ਉਹਨਾਂ ਨੂੰ ਵੇਖਣ।
5
"ਅਪਣਾ ਦਾਨ ਗੁਪਤ ਵਿੱਚ
ਦਿਉ, ਅਤੇ ਪਰਮੇਸ਼ਵਰ
ਤੁਹਾਨੂੰ ਇਨਾਮ ਦੇਵੇਗਾ,"
ਯਿਸੂ ਨੇ ਆਖਿਆ।
6
ਯਿਸੂ ਨੇ ਉਵੇ ਹੀ ਪ੍ਰਾਥਨਾ ਲਈ ਵੀ
ਸਿਖਾਇਆ। ਕੁਝ ਲੋਕ ਭੀੜ ਵਾਲੀਆ
ਗਲੀਆਂ ਦੀਆਂ ਨੁੱਕਰਾਂ ਵਿੱਚ ਪ੍ਰਾਥਨਾਂ
ਕਰਦੇ ਹਨ ਤਾਂ ਜੋ ਸਾਰੇ ਉਹਨਾਂ ਨੂੰ ਵੇਖ
ਸਕਣ ਅਤੇ ਸੁਣ ਸਕਣ। ਉਹ
ਪਰਮੇਸ਼ਵਰ ਦੀ ਪਰਵਾਹ ਨਹੀਂ ਕਰਦੇ।
7
ਉਹ ਪਰਵਾਹ ਕਰਦੇ ਹਨ ਜੋ
ਬਾਕੀ ਉਹਨਾਂ ਬਾਰੇ ਕੀ
ਸੋਚਦੇ ਹਨ।ਯਿਸੂ ਨੇ ਉਹਨਾਂ
ਨੂੰ ਪਖ਼ੰਡੀ- ਝੂਠੇ ਹੀਰੋ
ਆਖਿਆ ਹੈ।
8


ਜਿਆਦਾਤਰ ਯਿਸੂ ਆਪਣੀਆਂ ਸਿੱਖਿਆਵਾਂ ਨੂੰ ਸਮਝਾਉਣ ਲਈ ਕੁਦਰਤੀ
ਉਦਾਹਰਣਾ ਦਿੰਦੇ ਸਨ। ਉਦਾਹਰਣ ਵਜੋਂ ਉਸਨੇ ਪੰਛੀਆਂ ਨੂੰ ਚੁਣਿਆ।
"ਤੁਹਾਡਾ ਸਵਰਗੀ ਪਿਤਾ ਉਹਨਾਂ ਨੂੰ ਰਜਾਉਂਦਾ ਹੈ," ਉਸਨੇ
ਆਖਿਆ। "ਘਬਰਾਓ ਨਹੀ। ਪਰਮੇਸ਼ਵਰ ਤੁਹਾਨੂੰ
ਵੀ ਰਜਾਵੇਗਾ।"
9


"ਇੱਥੋਂ ਤੱਕ ਅਮੀਰ ਬਾਦਸ਼ਾਹ ਸੁਲੇਮਾਨ ਨੇ ਵੀ ਲਿਲੀ ਦੇ ਵਰਗੇ ਕੱਪੜੇ
ਨਹੀ ਪਾਏ ਸਨ," ਯਿਸੂ ਬੋਲਦਾ ਰਿਹਾ।
10


"ਜੇਕਰ ਯਿਸੂ ਧਰਤੀ ਦੇ ਘਾਹ ਦੀਆਂ ਲੋੜਾਂ ਪੂਰੀਆਂ ਕਰ ਸਕਦਾ ਹੈ, ਤੇ
ਤੁਹਾਡੀਆਂ ਲੋੜਾਂ ਉਹ ਨਾ ਪੂਰੀਆਂ ਕਰੇਗਾ?" ਯਿਸੂ ਲੋਕਾਂ ਨੂੰ ਪਰਮੇਸ਼ਵਰ
ਤੇ ਵਿਸ਼ਵਾਸ਼ ਕਰਨਾ ਸਿਖਾ ਰਿਹਾ ਸੀ ਜਿਹੜਾ ਸਾਡੀਆਂ ਸਾਰੀਆਂ ਲੋੜਾਂ
ਪੂਰੀਆਂ ਕਰਦਾ ਹੈ।
11


ਯਿਸੂ ਨੇ ਆਖਿਆ,
"ਜੇਕਰ ਤੂੰ ਆਪਣੇ
ਭਰਾ ਨੂੰ ਪਾਪੀ ਕਹਿੰਦਾਂ
ਹੈ, ਇਸ ਦਾ ਮਤਲਬ
ਕੇ ਤੂੰ ਆਪਣੇ ਭਰਾ ਦੀ
ਅੱਖ ਦਾ ਲੱਠਾ ਵੇਖ
ਰਿਹਾਂ ਹੈ ਜਦ ਕਿ ਤੇਰੀ
ਆਪਣੀ ਅੱਖ ਵਿੱਚ
ਵੱਡਾ ਲੱਠਾ ਹੈ।"
ਸ਼ਾਇਦ ਲੋਕ ਹੱਸੇ
ਹੋਣੇ। ਪਰ ਉਹਨਾਂ ਨੂੰ
ਉਸ ਦਾ ਮਤਲਬ
ਵੇਖਣਾਂ ਹੋਵੇਗਾ।
12


ਯਿਸੂ ਨੇ ਆਖਿਆ
ਲੋਕਾਂ ਨੂੰ ਪਰਮੇਸ਼ਵਰ
ਦੀ ਮਦਦ ਲਈ ਕਹਿਣਾ
ਚਾਹੀਦਾ ਹੈ। ਕੀ ਤੁਹਾਡਾ
ਦੁਨਿਆਵੀ ਪਿਤਾ ਪੁੱਤਰ
ਦੇ ਰੋਟੀ ਮੰਗਣ ਤੇ ਉਸਨੂੰ
ਪੱਥਰ ਦਿੰਦਾ ਹੈ? ਨਹੀ!
ਉਹ ਚੰਗੀਆਂ ਚੀਜਾਂ ਦਿੰਦਾਂ
ਹੈ। ਜਿਹੜੇ ਪਰਮੇਸ਼ਵਰ
ਤੋਂ ਮੰਗਦੇ ਹਨ ਉਹ ਵੀ
ਉਹਨਾਂ ਨੂੰ ਚੰਗੀਆਂ
ਚੀਜਾਂ ਦਿੰਦਾ ਹੈ।
13


ਯਿਸੂ, ਮਹਾਨ ਅਧਿਆਪਕ ਨੇ,
ਝੂਠੇ ਸਿਖਾਉਣ ਵਾਲਿਆਂ ਬਾਰੇ ਚੇਤਾਵਨੀ
ਦਿੱਤੀ ਹੈ। "ਉਹ ਭੇਡਾਂ ਦੀ ਖੱਲ ਪਹਿਨਦੇ
ਹਨ," ਯਿਸੂ ਨੇ ਆਖਿਆ। "ਪਰ ਅੰਦਰੋ
ਭੇੜੀਏ ਹਨ!" ਉਸ ਨੇ ਆਖਿਆ ਕੀ ਝੂਠੇ
ਸਿਖਾਉਣ ਵਾਲੇ ਆਪਣੇ ਜੀਵਨ ਤੋਂ ਹੀ
ਪਛਾਣੇ ਜਾਂਦੇ ਹਨ।
14

ਇੱਕ ਕਹਾਣੀ ਵਿੱਚ ਉਸਨੇ ਕਿਹਾ, ਯਿਸੂ ਨੇ ਦਿਖਾਇਆ ਕੀ ਜੋ ਲੋਕ ਪਰਮੇਸ਼ਵਰ ਦੇ ਵਚਨ ਦੀ ਪਾਲਣਾ ਕਰਦੇ ਹਨ ਉਹ ਉਸ ਮਨੁੱਖ ਦੇ ਵਰਗੇ ਹਨ ਜਿਸ ਨੇ ਆਪਣਾ ਘਰ ਚਟਾਨ ਤੇ ਬਣਾਇਆ।



15

ਭਿਆਨਕ ਤੂਫ਼ਾਨ ਉੱਠੇ। ਜਦ ਉਹ ਖ਼ਤਮ ਹੋ ਗਏ, ਘਰ ਉੱਥੇ ਹੀ ਸੀ।



16

ਪਰ ਮੂਰਖ਼ ਇਨਸਾਨ ਨੇਂ ਆਪਣਾ ਘਰ ਰੇਤ ਉੱਤੇ ਬਣਾਇਆ। ਜਦ ਤੂਫਾਨ ਉਸ ਦੇ ਵਿਰੁੱਧ ਟਕਰਾਉਣਗੇ, ਉਹ ਗਿਰ ਜਾਵੇਗਾ ਕਿਉਂਕਿ ਉਸਦੀ ਨੀਂਹ ਕਮਜੋਰ ਹੈ। ਯਿਸੂ ਨੇਂ ਲੋਕਾਂ ਨੂੰ ਕਿਹਾ ਜਿਹੜਾ ਪਰਮੇਸ਼ਵਰ ਦੇ ਵਚਨਾਂ ਦੀ ਪਾਲਣਾ ਨਹੀਂ ਕਰਦਾ ਉਹ ਉਸ ਮਨੁੱਖ ਵਰਗਾ ਹੈ।



17

ਭੀੜ ਯਿਸੂ ਦੇ ਸ਼ਬਦਾਂ ਤੋਂ ਹੈਰਾਨ ਸੀਂ। ਉਹਨਾਂ ਨੇਂ ਇਹ ਸਭ ਕੁਝ ਪਹਿਲਾਂ ਨਹੀਂ ਸੁਣਿਆ ਸੀਂ। ਹੁਣ ਉਹ ਜਾਣ ਗਏ ਸੀਂ ਕੀ ਪਰਮੇਸ਼ਵਰ ਦੇ ਵਚਨ ਨੂੰ ਸੁਨਣਾ ਹੀ ਕਾਫੀ ਨਹੀਂ ਹੈ। ਉਹਨਾਂ ਨੂੰ ਹਰ ਰੋਜ਼ ਉਸ ਦੀ ਪਾਲਣਾ ਵੀ ਜ਼ਰੂਰ ਕਰਨੀ ਚਾਹੀਦੀ ਹੈ।



18

ਯਿਸੂ ਇੱਕ ਮਹਾਨ ਅਧਿਆਪਕ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹ

ਮੱਤੀ ਦੀ ਇੰਜੀਲ 5-7, ਲੂਕਾ ਦੀ ਇੰਜੀਲ 6

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੋਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ, ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।